## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਸਕੂਲ ਮੁੱਖੀ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋਨੰ:10/15-21ਅਮਲਾ5(3)/202118049
ਮਿਤੀ:01.04.2021

**ਵਿਸ਼ਾ:** **ਪੀ.ਟੀ.ਆਈ ਅਧਿਆਪਕਾਂ ਦੀ ਬਦਲੀ ਸਬੰਧੀ।**

**ਹਵਾਲਾ:** ਇਸ ਦਫਤਰ ਦਾ ਪੱਤਰ ਨੰ: 10/15-2021ਅ5(3)/202167258 ਮਿਤੀ 22.02.2021 ਅਤੇ 10/15-21ਅਮਲਾ-5(3)/202194287, ਮਿਤੀ 17.03.2021

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵਲੋਂ ਮਿਤੀ 24.03.2021 ਨੂੰ ਅਧਿਆਪਕਾਂ ਦੀ ਬਦਲੀ ਦੇ ਹੁਕਮ ਜਾਰੀ ਕੀਤੇ ਗਏ ਹਨ।ਇਹਨਾਂ ਬਦਲੀਆਂ ਦੇ ਹੁਕਮਾਂ ਅਨੁਸਾਰ ਵੱਖ ਵੱਖ ਸਕੂਲਾਂ ਵਿੱਚ ਕੰਮ ਕਰ ਰਹੇ ਪੀ.ਟੀ.ਆਈ. ਦੀ ਬਦਲੀ ਉਹਨਾਂ ਦੀ ਬੇਨਤੀ ਦੇ ਅਧਾਰ ਤੇ ਕੀਤੀ ਗਈ ਹੈ।

2.0 ਉਪਰੋਕਤ ਤੋਂ ਇਲਾਵਾ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਇਮਰੀ ਪੱਧਰ ਤੇ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪੰਜਾਬ ਰਾਜ ਦੇ ਸਮੂਹ 228 ਬਲਾਕਾਂ ਵਿੱਚ ਪੀ.ਟੀ.ਆਈ. ਦੀ ਇੱਕ ਇੱਕ ਅਸਾਮੀ ਸਿਫਟ ਕੀਤੀ ਗਈ ਹੈ।

3.0 ਉਪਰੋਕਤ ਦੇ ਮੱਦੇਨਜਰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ :

ੳ) ਜੋ ਪੀ.ਟੀ.ਆਈ ਵਿਭਾਗ ਦੀ ਟੀਚਰ ਟ੍ਰਾਂਸਫਰ ਪਾਲਿਸੀ 2019 ਅਧੀਨ ਬਦਲੀ ਕਰਵਾਉਣ ਵਿੱਚ ਸਫਲ ਹੁੰਦੇ ਹਨ, ਉਨ੍ਹਾਂ ਦੀ ਬਦਲੀ ਅਸਾਮੀ ਸਮੇਤ ਮੰਨੀ ਜਾਣੀ ਹੈ। ਇਸ ਲਈ ਅਜਿਹੇ ਪੀ.ਟੀ.ਆਈ ਦੇ ਬਦਲੀ ਦੇ ਹੁਕਮਾਂ ਸਬੰਧਤ ਡੀ.ਡੀ.ੳ ਵਲੋਂ ਕੇਵਲ ਇਸ ਅਧਾਰ ਤੇ ਨਹੀਂ ਰੋਕੇ ਜਾਣਗੇ ਕਿ ਸਬੰਧਤ ਸਕੂਲ ਵਿੱਚ ਪੀ.ਟੀ.ਆਈ ਦੀ ਅਸਾਮੀ ਮੰਨਜੂਰ ਨਹੀਂ ਹੈ।

ਅ) ਉਪਰੋਕਤ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕੁਝ ਅਜਿਹੇ ਪੀ.ਟੀ.ਆਈ ਦੇ ਕੇਸ ਹਨ ਜਿੰਨ੍ਹਾਂ ਨੂੰ ਵਿਭਾਗ ਦੇ ਹਵਾਲਾ ਅਧੀਨ ਪੱਤਰਾਂ ਮਿਤੀ 22.02.2021 ਅਤੇ 17.03.2021 ਤਹਿਤ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਤੈਨਾਤ ਕੀਤਾ ਗਿਆ ਹੈ ਅਤੇ ਉਹ ਹੁਣ ਵਿਭਾਗ ਦੀ ਟੀਚਰ ਟ੍ਰਾਂਸਫਰ ਪਾਲਿਸੀ 2019 ਤਹਿਤ ਬਦਲੀ ਕਰਵਾਉਣ ਵਿੱਚ ਵੀ ਸਫਲ ਹੋ ਗਏ ਹਨ।

**ਅਜਿਹੇ ਕੇਸਾਂ ਵਿਚ ਇਨ੍ਹਾਂ ਬਦਲੀ ਅਧੀਨ ਪੀ.ਟੀ.ਆਈ ਦਾ ਥਾਂ ਲੇਵਾ ਸਬੰਧਤ ਪਾਲਿਸੀ ਅਨੁਸਾਰ ਤਾਇਨਾਤ ਕਰ ਦਿੱਤਾ ਜਾਵੇ ਅਤੇ ਬਦਲੀਆਂ ਦੇ ਹੁਕਮ ਲਾਗੂ ਹੋਣ ਉਪਰੰਤ ਮਿਤੀ 15.04.2021 ਤੱਕ ਇਸ ਤਰਾਂ ਤਾਇਨਾਤ ਕੀਤੇ ਗਏ ਸਮੂਹ ਪੀ.ਟੀ.ਆਈ ਦੀ ਸੂਚਨਾ ਇਸ ਦਫਤਰ ਦੇ ਈ-ਮੇਲ adsa5dpise@gmail.com ਤੇ ਭੇਜੀ ਜਾਵੇ।**

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ**